Australian Government

Small Business Cyber Resilience Service



ਤੱਥ-ਸ਼ੀਟ

# Small Business Cyber Resilience Service

## Small Business Cyber Resilience Service (ਛੋਟੇ ਕਾਰੋਬਾਰਾਂ ਲਈ ਸਾਈਬਰ ਲਚਕੀਲਾਪਣ ਸੇਵਾ) ਕੀ ਹੈ?

**Small Business Cyber Resilience Service (ਇਹ ਸੇਵਾ) ਆਸਟ੍ਰੇਲੀਆਈ ਸਰਕਾਰ ਦੀ ਇੱਕ ਪਹਿਲਕਦਮੀ ਹੈ ਜੋ ਛੋਟੇ ਕਾਰੋਬਾਰਾਂ ਨੂੰ ਉਹਨਾਂ ਦੀ ਸਾਈਬਰ ਸੁਰੱਖਿਆ ਨੂੰ ਬਿਹਤਰ ਬਣਾਉਣ ਅਤੇ ਸਾਈਬਰ ਘਟਨਾਵਾਂ ਤੋਂ ਮੁੜ ਉਭਰਨ ਲਈ ਮੁਫ਼ਤ, ਖ਼ਾਸ ਤੌਰ 'ਤੇ ਉਨ੍ਹਾਂ ਲਈ ਬਣਾਈ ਗਈ, ਵਿਅਕਤੀਗਤ ਸਹਾਇਤਾ ਪ੍ਰਦਾਨ ਕਰਦੀ ਹੈ।**

### ਇਸ ਸੇਵਾ ਦੇ ਦੋ ਮੁੱਖ ਕੰਮ ਹਨ:

- ਛੋਟੇ ਕਾਰੋਬਾਰਾਂ ਨੂੰ ਆਪਣੇ ਸਾਈਬਰ ਲਚਕੀਲੇਪਨ ਦਾ ਮੁਲਾਂਕਣ ਕਰਨ ਅਤੇ ਉਸਨੂੰ ਮਜ਼ਬੂਤ ਬਣਾਉਣ ਲਈ ਸਹਾਇਤਾ ਕਰਨੀ।
- ਸਾਈਬਰ ਘਟਨਾ ਤੋਂ ਬਾਅਦ ਉੱਭਰਨ ਲਈ ਛੋਟੇ ਕਾਰੋਬਾਰਾਂ ਦੀ ਸਹਾਇਤਾ ਕਰਨੀ।
(ਉਦਾਹਰਨ ਲਈ: ਅਕਾਊਂਟ ਹੈਕ ਹੋਣ, ਫਿਸ਼ਿੰਗ, ਹੈਕਿੰਗ ਅਤੇ ਰੈਨਸਮਵੇਅਰ ਦੀ ਘਟਨਾ), ਸਹਾਇਤਾ ਵਿੱਚ ਕੇਸ ਪ੍ਰਬੰਧਨ ਅਤੇ ਡਿਵਾਈਸ ਰੀਮੀਡੀਏਸ਼ਨ ਸ਼ਾਮਲ ਹਨ।

## ਇਸ ਤੱਕ ਕੌਣ ਪਹੁੰਚ ਕਰ ਸਕਦਾ ਹੈ?

ਇਸ ਵਿੱਚ ਪੂਰੇ ਆਸਟ੍ਰੇਲੀਆ ਭਰ ਵਿੱਚ 19 ਜਾਂ ਇਸ ਤੋਂ ਘੱਟ ਫੁੱਲ-ਟਾਈਮ (ਜਾਂ ਬਰਾਬਰ ਦੇ) ਕਰਮਚਾਰੀਆਂ ਵਾਲੇ ਛੋਟੇ ਕਾਰੋਬਾਰ ਸ਼ਾਮਲ ਹਨ, ਇਹ ਵਿੱਚ ਸੋਲ ਟ੍ਰੇਡਰ, ਮਹਾਂਨਗਰੀ ਅਤੇ ਦਿਹਾਤੀ ਦੋਵੇਂ ਇਲਾਕਿਆਂ ਵਾਲੇ ਕਾਰੋਬਾਰ ਸ਼ਾਮਲ ਹਨ।

## ਤੁਸੀਂ ਇਸ ਤੱਕ ਕਿਵੇਂ ਪਹੁੰਚ ਕਰ ਸਕਦੇ ਹੋ?

- **1800 595 170**, 'ਤੇ Small Business Cyber Resilience Service ਹੈਲਪਲਾਈਨ 'ਤੇ ਫ਼ੋਨ ਕਰੋ, ਜਾਂ **idcare.org/smallbusiness** 'ਤੇ ਔਨਲਾਈਨ ਫਾਰਮ ਰਾਹੀਂ ਬੇਨਤੀ ਦਰਜ ਕਰੋ।
- ਇਹ ਹੈਲਪਲਾਈਨ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ AEST ਤੱਕ ਉਪਲਬਧ ਹੈ।
- ਜਹਿੜੇ ਛੋਟੇ ਕਾਰੋਬਾਰ ਲਾਈਵ ਸਾਈਬਰ ਘਟਨਾ ਦਾ ਅਨੁਭਵ ਕਰ ਰਹੇ ਹਨ, ਉਹਨਾਂ ਨੂੰ ਸਹਾਇਤਾ ਲਈ **1300CYBER1** 'ਤੇ ਆਸਟ੍ਰੇਲੀਅਨ ਸਾਈਬਰ ਸੁਰੱਖਿਆ ਹੌਟਲਾਈਨ (Australian Cyber Security Hotline) ਨਾਲ ਸੰਪਰਕ ਕਰਨਾ ਚਾਹੀਦਾ ਹੈ। ਫਿਰ ਉਹਨਾਂ ਨੂੰ ਸਾਈਬਰ ਘਟਨਾ ਤੋਂ ਮੁੜ ਉਭਰਨ ਲਈ ਸਹਾਇਤਾ ਪ੍ਰਾਪਤ ਕਰਨ ਲਈ ਇਸ ਸੇਵਾ ਲਈ ਰੈਫ਼ਰਲ ਦਿੱਤਾ ਜਾਵੇਗਾ।

## ਇਸ ਦੀ ਕਿੰਨੀ ਲਾਗਤ ਹੈ?

ਇਹ ਸੇਵਾ ਛੋਟੇ ਕਾਰੋਬਾਰਾਂ ਨੂੰ ਮੁਫ਼ਤ ਵਿੱਚ ਸਹਾਇਤਾ ਪ੍ਰਦਾਨ ਕਰਦੀ ਹੈ।

## ਛੋਟੇ ਕਾਰੋਬਾਰਾਂ ਦੀ ਸਾਈਬਰ ਅਤੇ ਡਿਜ਼ੀਟਲ ਸਮਰੱਥਾ ਨੂੰ ਬਣਾਉਣ ਲਈ ਹੋਰ ਸਹਾਇਤਾ:

ਸਾਈਬਰ ਵਾਰਡਨਜ਼ ਪ੍ਰੋਗਰਾਮ (Cyber Wardens program) ਛੋਟੇ ਕਾਰੋਬਾਰੀਆਂ ਅਤੇ ਉਹਨਾਂ ਦੇ ਕਰਮਚਾਰੀਆਂ ਨੂੰ ਸਾਈਬਰ ਸੁਰੱਖਿਆ ਅਭਿਆਸਾਂ ਦੀ ਪਛਾਣ ਕਰਨ ਲਈ ਮੁਫ਼ਤ, ਔਨਲਾਈਨ ਸਖਿਲਾਈ ਪ੍ਰਦਾਨ ਕਰਦਾ ਹੈ ਜੋ ਉਹ ਡਿਜ਼ੀਟਲ ਖ਼ਤਰਿਆਂ ਨੂੰ ਰੋਕਣ ਅਤੇ ਉਹਨਾਂ ਤੋਂ ਬਚਾਉਣ ਲਈ ਆਪਣੇ ਕਾਰੋਬਾਰ ਵਿੱਚ ਲਾਗੂ ਕਰ ਸਕਦੇ ਹਨ। ਹੋਰ ਜਾਣਨ ਲਈ, **cyberwardens.com.au** 'ਤੇ ਜਾਓ।

ਡਿਜ਼ੀਟਲ ਹੱਲ ਪ੍ਰੋਗਰਾਮ (Digital Solutions program) ਛੋਟੇ ਕਾਰੋਬਾਰਾਂ ਨੂੰ ਡਿਜ਼ੀਟਲ ਸਾਧਨਾਂ ਨੂੰ ਅਪਣਾਉਣ ਅਤੇ ਔਨਲਾਈਨ ਜਾਣ ਨਾਲ ਮਿਲਣ ਵਾਲੇ ਮੌਕਿਆਂ ਨੂੰ ਸਮਝਣ ਲਈ ਸਹਾਇਤਾ ਪ੍ਰਦਾਨ ਕਰਦਾ ਹੈ। ਇਸ ਵਿੱਚ ਸਾਈਬਰ ਸੁਰੱਖਿਆ ਅਤੇ ਡੇਟਾ ਗੁਪਤਤਾ, ਵੈੱਬਸਾਈਟਾਂ ਅਤੇ ਔਨਲਾਈਨ ਵਿਕਰੀ, ਸੋਸ਼ਲ ਮੀਡੀਆ ਅਤੇ ਡਿਜ਼ੀਟਲ ਮਾਰਕੀਟਿੰਗ, ਅਤੇ ਔਨਲਾਈਨ ਸੌਫ਼ਟਵੇਅਰ ਦੀ ਵਰਤੋਂ ਕਰਨ ਦੇ ਖੇਤਰਾਂ ਵਿੱਚ ਸਹਾਇਤਾ ਕਰਨਾ ਸ਼ਾਮਲ ਹੈ। ਆਪਣੇ ਨੇੜੇ ਦੇ ਡਿਜ਼ੀਟਲ ਹੱਲ ਪ੍ਰਦਾਤਾ ਨੂੰ ਲੱਭਣ ਲਈ, **business.gov.au/digitalsolutions** 'ਤੇ ਜਾਓ।